# ਰਹਿੰਦ-ਖੂੰਹਦ ਦੇ ਨਿਪਟਾਰੇ ਸੰਬੰਧੀ ਜ਼ਿੰਮੇਵਾਰੀਆਂ

ਇਹ ਰਿਹਾਇਸ਼ ਆਪਣੇ ਸਾਰੇ ਗੰਦੇ ਪਾਣੀ ਦੇ ਨਿਪਟਾਰੇ ਲਈ ਇੱਕ ਆਨ-ਸਾਈਟ ਪ੍ਰਣਾਲੀ ਦੀ ਵਰਤੋਂ ਕਰਦੀ ਹੈ। ਇਸਦਾ ਮਤਲਬ ਇਹ ਹੈ ਕਿ ਇਹ ਮਿਊਂਸਿਪਲ ਦੇ ਸੀਵਰ ਨਾਲ ਨਹੀਂ ਜੁੜੀ ਹੋਈ ਹੈ ਇਸ ਲਈ ਇਹ ਯਕੀਨੀ ਕਰਨ ਲਈ ਵਾਧੂ ਦੇਖਭਾਲ ਦੀ ਲੋੜ ਹੈ ਕਿ ਪ੍ਰਣਾਲੀ ਸਹੀ ਢੰਗ ਨਾਲ ਕੰਮ ਕਰਦੀ ਹੈ। ਇਹਨਾਂ ਸਿਫ਼ਾਰਸ਼ ਕੀਤੀਆਂ ਬਿਹਤਰੀਨ ਪ੍ਰਥਾਵਾਂ ਦੀ ਪਾਲਣਾ ਕਰਨਾ ਪ੍ਰਣਾਲੀ ਦੀ ਸਿਹਤ ਦੀ ਰੱਖਿਆ ਕਰੇਗਾ।

## ਭੋਜਨ ਦੇ ਟੁਕੜੇ ਅਤੇ ਗਰੀਸ



| ਸਮੱਸਿਆ | ਨਤੀਜਾ | ਹੱਲ |
|---|---|---|
| • ਭੋਜਨ ਦੇ ਟੁਕੜੇ<br>• ਚਰਬੀ, ਤੇਲ ਅਤੇ ਗਰੀਸ | ਬੈਕਟੀਰੀਆ ਲਈ ਇਹਨਾਂ ਚੀਜ਼ਾਂ ਨੂੰ ਤੋੜਨਾ ਮੁਸ਼ਕਲ ਹੁੰਦਾ ਹੈ।<br>ਟੈਂਕਾਂ ਨੂੰ ਵਧੇਰੇ ਪੰਪ ਆਊਟਜ਼ ਦੀ ਲੋੜ ਹੋ ਸਕਦੀ ਹੈ। ਗਰੀਸ ਪ੍ਰਣਾਲੀ ਨੂੰ ਬੰਦ ਕਰ ਸਕਦੀ ਹੈ। | ਸਿੰਕ ਵਿੱਚ ਕੂੜੇ ਦੇ ਨਿਪਟਾਰੇ ਦੀ ਵਰਤੋਂ ਨਾ ਕਰੋ। ਚਰਬੀ ਜਾਂ ਤੇਲ ਨੂੰ ਨਾਲੀਆਂ ਵਿੱਚ ਨਾ ਡੋਲ੍ਹੋ। ਭਾਂਡੇ ਧੋਣ ਤੋਂ ਪਹਿਲਾਂ ਉਹਨਾਂ ਵਿੱਚੋਂ ਭੋਜਨ ਨੂੰ ਖੁਰਚ ਕੇ ਕੱਢ ਦਿਓ। |

## ਕੀਟਾਣੂਨਾਸ਼ਕ, ਰਸਾਇਣ ਅਤੇ ਨੁਸਖ਼ੇ ਵਾਲੀ ਦਵਾਈ





| ਸਮੱਸਿਆ | ਨਤੀਜਾ | ਹੱਲ |
|---|---|---|
| • ਬਲੀਚ<br>• ਕਲੋਰੀਨ<br>• ਕੀਟਨਾਸ਼ਕ<br>• ਐਂਟੀਫ੍ਰੀਜ਼<br>• ਨੁਸਖ਼ੇ ਵਾਲੀਆਂ ਦਵਾਈਆਂ | ਸੈਪਟਿਕ ਟੈਂਕ ਵਿੱਚ ਬੈਕਟੀਰੀਆ ਨੂੰ ਮਾਰਦਾ ਹੈ ਜਿਸ ਨਾਲ ਮਲ ਦਾ ਉਚਿਤ ਅਤੇ ਸੰਪੂਰਨ ਨਿਪਟਾਰਾ ਨਹੀਂ ਹੁੰਦਾ ਹੈ।<br><br>ਦਵਾਈਆਂ ਪ੍ਰਣਾਲੀ ਵਿੱਚ ਬੈਕਟੀਰੀਆ ਦੀ ਸਿਹਤ ਨੂੰ ਪ੍ਰਭਾਵਿਤ ਕਰਨਗੀਆਂ। | ਬੈਕਟੀਰੀਆ ਵਿਰੋਧੀ ਉਤਪਾਦਾਂ ਅਤੇ ਕੀਟਾਣੂਨਾਸ਼ਕਾਂ ਦੀ ਵਰਤੋਂ ਨੂੰ ਸੀਮਿਤ ਕਰੋ। ਕਲੋਰੀਨ-ਮੁਕਤ ਸਫਾਈ ਵਾਲੇ ਉਤਪਾਦਾਂ ਜਿਵੇਂ ਕਿ ਸਿਰਕਾ, ਬੇਕਿੰਗ ਸੋਡਾ ਅਤੇ ਪੈਰੋਕਸਾਈਡ ਦੀ ਵਰਤੋਂ ਕਰੋ। ਦਵਾਈਆਂ ਦੇ ਪ੍ਰਭਾਵਾਂ ਨੂੰ ਘਟਾਉਣ ਦੇ ਤਰੀਕੇ ਬਾਰੇ ਦਿਸ਼ਾ-ਨਿਰਦੇਸ਼ਾਂ ਅਤੇ ਸੁਝਾਵਾਂ ਲਈ ਆਪਣੇ ਸੇਵਾ ਪ੍ਰਦਾਤਾ ਨਾਲ ਸੰਪਰਕ ਕਰੋ। |

## ਔਰਤਾਂ ਦੇ ਸਫਾਈ ਉਤਪਾਦ ਅਤੇ ਵਾਈਪ




| ਸਮੱਸਿਆ | ਨਤੀਜਾ | ਹੱਲ |
|---|---|---|
| • ਔਰਤਾਂ ਦੇ ਉਤਪਾਦ<br>• ਬੇਬੀ/ਨਿਜੀ ਵਾਈਪ | ਔਰਤਾਂ ਦੇ ਸਫਾਈ ਉਤਪਾਦ ਅਤੇ ਵਾਈਪ ਟੁੱਟਦੇ ਨਹੀਂ ਹਨ ਅਤੇ ਪਾਈਪਾਂ ਨੂੰ ਬੰਦ ਕਰ ਦੇਣਗੇ | ਸਫਾਈ ਵਾਲੇ ਉਤਪਾਦਾਂ ਅਤੇ ਵਾਈਪਾਂ ਨੂੰ ਕੂੜੇ ਵਿੱਚ ਸੁੱਟੋ। |



65 Massey Road, Suite C, Guelph ON N1H 7M6 T: 519 856-0757 1-866-366-4329 F: 519 856-0759 www.waterloo-biofilter.com

### ਹਾਈਡ੍ਰੌਲਿਕ ਓਵਰਲੋਡ



| ਸਮੱਸਿਆ | ਨਤੀਜਾ | ਹੱਲ |
|---|---|---|
| • ਇੱਕ ਵਾਰ ਵਿੱਚ ਪ੍ਰਣਾਲੀ ਵਿੱਚ ਬਹੁਤ ਜ਼ਿਆਦਾ ਪਾਣੀ ਵਹਿਣਾ | ਬਹੁਤ ਜ਼ਿਆਦਾ ਪਾਣੀ ਪ੍ਰਣਾਲੀ ਨੂੰ ਉੱਚ ਪੱਧਰੀ ਚਿਤਾਵਨੀ ਵਿੱਚ ਲਿਜਾ ਸਕਦਾ ਹੈ | ਸਿਰਫ਼ ਫੁੱਲ ਲੋਡ ਕਪੜੇ ਜਾਂ ਭਾਂਡੇ ਧੋਵੋ। ਕਪੜੇ ਧੋਣ ਦਾ ਕੰਮ ਕਈ ਦਿਨਾਂ ਵਿੱਚ ਫੈਲਾਓ। ਵਾਟਰ ਸਾਫਟਨਰਾਂ ਜਾਂ ਸੰਪ ਪੰਪਾਂ ਨੂੰ ਪ੍ਰਣਾਲੀ ਨਾਲ ਨਾ ਜੋੜੋ। ਲੀਕ ਕਰਦੇ ਜੋੜਾਂ ਨੂੰ ਠੀਕ ਕਰੋ। |

### ਪੇਂਟ



| ਸਮੱਸਿਆ | ਨਤੀਜਾ | ਹੱਲ |
|---|---|---|
| • ਪੇਂਟ<br>• ਸੋਲਵੈਂਟ | ਜੀਵਤ ਬੈਕਟੀਰੀਆ ਨੂੰ ਮਾਰਦਾ ਹੈ, ਪਾਈਪਾਂ ਅਤੇ ਬੈਡ ਨੂੰ ਢੱਕਦਾ ਹੈ ਅਤੇ ਬੰਦ ਕਰ ਦਿੰਦਾ ਹੈ। | ਪੇਂਟ ਜਾਂ ਸੋਲਵੈਂਟ ਨਾਲੀ ਵਿੱਚ ਨਾ ਡੋਲ੍ਹੋ। ਪੇਂਟ ਬੁਰਸ਼ਾਂ ਨੂੰ ਘਰੇਲੂ ਸਿੰਕਾਂ ਵਿੱਚ ਨਾ ਧੋਵੋ। |

### ਲੈਂਡਸਕੇਪਿੰਗ



| ਸਮੱਸਿਆ | ਨਤੀਜਾ | ਹੱਲ |
|---|---|---|
| • ਪ੍ਰਣਾਲੀ ਦੇ ਉਪਰ ਭਾਰੀ ਵਸਤੂ<br>• ਅਭੇਦ ਬੈਡ ਕਵਰ<br>• ਬੈਡ ਨੂੰ ਰੀ-ਗ੍ਰੇਡ ਕਰਨਾ | ਪਾਈਪਾਂ, ਹਿੱਸਿਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ ਜਾਂ ਮਿੱਟੀ ਨੂੰ ਸੰਕੁਚਿਤ ਕਰ ਸਕਦਾ ਹੈ।<br>ਧਰਤੀ ਹੇਠਲੇ ਪਾਣੀ ਦੇ ਜ਼ਰੂਰੀ ਵਾਸ਼ਪੀਕਰਨ ਨੂੰ ਰੋਕਦਾ ਹੈ ਜਿਸ ਕਰਕੇ ਪਾਣੀ ਸਿਖਰ 'ਤੇ ਇਕੱਠਾ ਹੋ ਸਕਦਾ ਹੈ ਜਾਂ ਅਣਚਾਹੀਆਂ ਦਿਸ਼ਾਵਾਂ ਵਿੱਚ ਜਾ ਸਕਦਾ ਹੈ | ਪ੍ਰਣਾਲੀ ਉੱਤੇ ਰਾਈਡਿੰਗ ਲਾਅਨ ਮੋਵਰ ਨਾਲੋਂ ਭਾਰੀ ਵਾਹਨ ਨਾ ਚਲਾਓ। ਇਸ 'ਤੇ ਕੋਈ ਢਾਂਚੇ ਨਾ ਰੱਖੋ। ਬੈਡ ਨੂੰ ਕੰਕਰੀਟ ਜਾਂ ਲੁੱਕ ਨਾਲ ਨਾ ਢੱਕੋ। ਇੰਸਟਾਲਰ ਨਾਲ ਸਲਾਹ ਕੀਤੇ ਬਗੈਰ ਸੰਪੱਤੀ ਨੂੰ ਰੀਗ੍ਰੇਡ ਨਾ ਕਰੋ। |